ਜਗ ਬਾਣੀ
WED, 10 May 2023

# ਸਿੱਖਿਆ ਦੇ ਨਾਲ ਸੰਸਕਾਰ ਵੀ ਜ਼ਰੂਰੀ

**ਸਿੱਖਿਆ** ਮਨੁੱਖ ਦੇ ਜੀਵਨ ਦਾ ਸਭ ਤੋਂ ਕੀਮਤੀ ਤੋਹਫਾ ਹੈ ਜੋ ਵਿਅਕਤੀ ਦੇ ਜੀਵਨ ਦੀ ਦਿਸ਼ਾ ਅਤੇ ਦਸ਼ਾ ਦੋਵੇਂ ਬਦਲ ਦਿੰਦਾ ਹੈ ਅਤੇ ਸੰਸਕਾਰ ਮਨੁੱਖ ਦੇ ਜੀਵਨ ਦਾ ਸਾਰ ਹੈ। ਚੰਗੇ ਸੰਸਕਾਰਾਂ ਰਾਹੀਂ ਮਨੁੱਖ ਦੀ ਸ਼ਖਸੀਅਤ ਦਾ ਨਿਰਮਾਣ ਅਤੇ ਵਿਕਾਸ ਹੁੰਦਾ ਹੈ ਅਤੇ ਜਦੋਂ ਮਨੁੱਖ 'ਚ ਸਿੱਖਿਆ ਅਤੇ ਸੰਸਕਾਰ ਦੋਵਾਂ ਦਾ ਵਿਕਾਸ ਹੋਵੇਗਾ ਤਾਂ ਹੀ ਉਹ ਪਰਿਵਾਰ, ਸਮਾਜ ਅਤੇ ਦੇਸ਼ ਦਾ ਵਿਕਾਸ ਕਰ ਸਕੇਗਾ ਪਰ ਅੱਜ ਦੇ ਸਮੇਂ 'ਚ ਸਿੱਖਿਆ ਦਾ ਭਾਵ ਸਿਰਫ ਕਿਤਾਬੀ ਗਿਆਨ ਤੱਕ ਹੀ ਸੀਮਤ ਰਹਿ ਗਿਆ ਹੈ ਜਦਕਿ ਸਿੱਖਿਆ ਅਸਲੀ ਚਰਿੱਤਰ ਦਾ ਗਿਆਨ ਹੁੰਦਾ ਹੈ ਜੋ ਅੱਜ ਦੀ ਇਸ ਭੱਜਦੌੜ ਵਾਲੀ ਜ਼ਿੰਦਗੀ 'ਚ ਅਸੀਂ ਭੁੱਲ ਚੁੱਕੇ ਹਾਂ।

ਅੱਜ ਦੇ ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਤਾਂ ਇਹ ਫਰਜ਼ ਹੋਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਸਦਾ ਸੱਚਾਈ ਦੇ ਰਸਤੇ 'ਤੇ ਚੱਲਣਾ ਸਿਖਾਉਣ, ਉਨ੍ਹਾਂ ਨੂੰ ਦੂਜਿਆਂ ਦੀ ਮਦਦ ਲਈ ਤਿਆਰ ਰਹਿਣਾ ਸਿਖਾਉਣ, ਮਾਤਾ-ਪਿਤਾ, ਅਧਿਆਪਕ ਅਤੇ ਵੱਡਿਆਂ ਦਾ ਸਨਮਾਨ ਕਰਨਾ ਸਿਖਾਉਣ, ਈਸ਼ਵਰ 'ਤੇ ਵਿਸ਼ਵਾਸ ਰੱਖਣਾ ਸਿਖਾਉਣ, ਉਨ੍ਹਾਂ ਨੂੰ ਸਹਿਣਸ਼ੀਲ ਬਣਾਉਣ, ਫਰਜ਼ਾਂ ਪ੍ਰਤੀ ਸੁਚੇਤ ਬਣਾਉਣ ਅਤੇ ਸਾਰਿਆਂ ਨਾਲ ਪ੍ਰੇਮ ਵਾਲਾ ਵਤੀਰਾ ਕਰਨਾ ਸਿਖਾਉਣ।

ਮਨੁੱਖ ਆਪਣੇ ਜੀਵਨ 'ਚ ਜੋ ਡਿਗਰੀ ਹਾਸਲ ਕਰਦਾ ਹੈ ਉਹ ਡਿਗਰੀ ਸਿਰਫ ਇਕ ਕਾਗਜ਼ ਦਾ ਟੁਕੜਾ ਹੈ ਜਦਕਿ ਵਿਅਕਤੀ ਦੀ ਅਸਲੀ ਡਿਗਰੀ ਉਸ ਦੇ ਸੰਸਕਾਰ ਅਤੇ ਵਤੀਰੇ 'ਚ ਝਲਕਦੀ ਹੈ। ਪ੍ਰਾਚੀਨ ਕਾਲ ਤੋਂ ਹੀ ਸਾਡੇ ਭਾਰਤ 'ਚ ਸੰਸਕਾਰਾਂ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ। ਵਿਦਿਆਰਥੀ ਨੂੰ ਸਭ ਤੋਂ ਪਹਿਲਾਂ 'ਮਾਤ੍ਰਦੇਵੋ ਭਵ, ਪਿਤ੍ਰਦੇਵੋ ਭਵ, ਆਚਾਰਯ ਦੇਵੋ ਭਵ ਅਤੇ ਅਤਿਥੀ ਦੇਵੋ ਭਵ' ਦੀ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਜੋ ਉਹ ਵਿਦਿਆਰਥੀ ਉਮਰ ਭਰ ਨੇਕੀ ਦੇ ਰਸਤੇ 'ਤੇ ਚੱਲ ਕੇ ਇਕ ਮਰਿਆਦਾ ਵਾਲਾ ਇਨਸਾਨ ਬਣੇ ਅਤੇ ਆਪਣੇ ਵੱਡਿਆਂ ਦਾ ਨਾਂ ਰੌਸ਼ਨ ਕਰੇ ਪਰ ਅੱਜ ਦੀ ਸਥਿਤੀ ਬਹੁਤ ਗੰਭੀਰ ਹੋ ਚੁੱਕੀ ਹੈ।

ਅੱਜ ਦਾ ਵਿਦਿਆਰਥੀ ਭੌਤਿਕਵਾਦੀ ਰੁਝਾਨ ਦਾ ਬਣ ਚੁੱਕਾ ਹੈ। ਉਹ ਸਿਰਫ ਪੜ੍ਹਾਈ ਇਸ ਲਈ ਕਰਦਾ ਹੈ ਤਾਂ ਜੋ ਆਉਣ ਵਾਲੇ ਸਮੇਂ 'ਚ ਆਪਣੇ ਜੀਵਨ 'ਚ ਕੁਝ ਚੰਗੇ ਪੈਸੇ ਕਮਾ ਸਕੇ। ਉਸ ਡਾਕਟਰ ਨੂੰ ਵੀ ਇਸ ਗੱਲ ਤੋਂ ਕੋਈ ਫਰਕ ਨਹੀਂ ਪੈਂਦਾ ਕਿ ਸਾਹਮਣੇ ਵਾਲੇ ਦੀ ਆਰਥਿਕ ਸਥਿਤੀ ਕੀ ਹੈ। ਉਹ ਸਿਰਫ ਉਸ ਦਾ ਇਲਾਜ ਉਦੋਂ ਹੀ ਕਰਦਾ ਹੈ ਜਦੋਂ ਉਸ ਮਰੀਜ਼ ਕੋਲ ਇਲਾਜ ਕਰਵਾਉਣ ਲਈ ਪੈਸੇ ਹੁੰਦੇ ਹਨ। ਇਹ ਸਾਰੇ ਗੁਣ ਉਸ ਨੂੰ ਬਾਜ਼ਾਰੀ



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

ਸਿੱਖਿਆ ਤੋਂ ਨਹੀਂ ਸਗੋਂ ਸੰਸਕਾਰਾਂ ਦੀ ਸਿੱਖਿਆ ਤੋਂ ਮਿਲਣਗੇ ਅਤੇ ਉਹ ਸਿੱਖਿਆ ਉਸ ਨੂੰ ਆਪਣੇ ਘਰ 'ਚ ਹੀ ਮਿਲੇਗੀ।

ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਇਕ ਪੁਲਸ ਅਧਿਕਾਰੀ ਦੇ ਆਪਣੇ ਪੁਰਾਣੇ ਸਕੂਲ 'ਚ ਅਧਿਆਪਕਾਂ ਦੇ ਪੈਰ ਛੂੰਹਦੇ ਹੋਏ ਤਸਵੀਰ ਕਾਫੀ ਵਾਇਰਲ ਹੋਈ ਸੀ। ਸਪੱਸ਼ਟ ਸੀ ਕਿ ਪੁਲਸ ਅਫਸਰ ਬਣੇ ਵਿਦਿਆਰਥੀ ਨੇ ਆਪਣੇ ਗੁਰੂ ਦਾ ਮਾਣ ਰੱਖਿਆ। ਜੇਕਰ ਉਹ ਪੁਲਸ ਅਫਸਰ ਬਣਿਆ ਵਿਦਿਆਰਥੀ ਆਪਣੇ ਪੁਰਾਣੇ ਸਕੂਲ 'ਚ ਨਾ ਆਉਂਦਾ ਤਾਂ ਕੀ ਹੁੰਦਾ। ਉਸ ਨੇ ਤਾਂ ਪੜ੍ਹਾਈ ਦੇ ਨਾਲ ਸੰਸਕਾਰਾਂ ਦੇ ਰਸਤੇ ਨੂੰ ਵੀ ਚੁਣਿਆ ਸੀ।

ਪ੍ਰਾਚੀਨ ਸਮੇਂ 'ਚ ਬੱਚਿਆਂ ਨੂੰ ਗੁਰੂ ਦੇ ਆਸ਼ਰਮ 'ਚ ਸਿੱਖਿਆ ਲਈ ਭੇਜਿਆ ਜਾਂਦਾ ਸੀ। ਉਸ ਸਮੇਂ ਵਿਦਿਆਰਥੀ 'ਤੇ ਪੜ੍ਹਾਈ ਦਾ ਕਿਸੇ ਤਰ੍ਹਾਂ ਦਾ ਬੋਝ ਨਾ ਪਾ ਕੇ ਸੰਸਕਾਰਾਂ ਦੀ ਸਿੱਖਿਆ ਦਿੱਤੀ ਜਾਂਦੀ ਸੀ ਕਿਉਂਕਿ ਮਨੁੱਖ ਦੇ ਜੀਵਨ 'ਚ ਸੰਸਕਾਰ ਹੀ ਉਹ ਜਾਇਦਾਦ ਹੈ ਜੋ ਮਨੁੱਖ ਨੂੰ ਇਕ ਸਫਲ ਨਾਗਰਿਕ ਬਣਾਉਂਦੇ ਹਨ, ਜਿਵੇਂ ਬੱਚਿਆਂ ਨੂੰ ਜੇਕਰ ਤੋਹਫਾ ਨਾ ਦਿੱਤਾ ਜਾਵੇ ਤਾਂ ਉਹ ਕੁਝ ਸਮੇਂ ਤੱਕ ਰੋਵੇਗਾ ਪਰ ਜੇਕਰ ਬੱਚਿਆਂ ਨੂੰ ਸੰਸਕਾਰ ਨਾ ਦਿੱਤੇ ਜਾਣ ਤਾਂ ਉਹ ਜੀਵਨ ਭਰ ਰੋਵੇਗਾ।

ਸਿੱਖਿਆ ਲੈਣਾ ਅਤੇ ਸਿੱਖਿਆ ਖ੍ਰੀਦਣਾ ਦੋ ਵੱਖ-ਵੱਖ ਵਿਸ਼ੇ ਹਨ। ਸਿੱਖਿਆ ਲੈਣ 'ਤੇ ਸੰਸਕਾਰ ਮਿਲਦੇ ਹਨ ਜਦਕਿ ਸਿੱਖਿਆ ਖ੍ਰੀਦਣ 'ਤੇ ਵਿਦਿਆਰਥੀ ਸੇਵਾ ਦਾ ਖਪਤਕਾਰ ਬਣ ਜਾਂਦਾ ਹੈ। ਠੀਕ ਉਸੇ ਤਰ੍ਹਾਂ ਜਦੋਂ ਖਪਤਕਾਰ ਕਿਸੇ ਵਸਤੂ ਨੂੰ ਖ੍ਰੀਦੇਗਾ ਤਾਂ ਉਸ ਦਾ ਮੋਲ-ਭਾਅ ਕਰੇਗਾ ਹੀ। ਇਹ ਵੀ ਦੇਖਿਆ ਜਾਂਦਾ ਹੈ ਕਿ ਮਾਤਾ-ਪਿਤਾ ਆਪਣੇ ਬੱਚੇ ਨੂੰ ਉਸੇ ਕੋਚਿੰਗ ਸੈਂਟਰ 'ਚ ਦਾਖਲਾ ਦਿਵਾਉਂਦੇ ਹਨ ਜਿਸ ਦੀ ਫੀਸ ਵੱਧ ਹੁੰਦੀ ਹੈ।



ਉਨ੍ਹਾਂ ਮੁਤਾਬਕ ਉਹੀ ਸਭ ਤੋਂ ਚੰਗੇ ਵਿੱਦਿਆ ਦੇ ਮੰਦਰ ਹਨ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਦਾ ਬੱਚਾ ਉੱਥੇ ਕਿਸ ਤਰ੍ਹਾਂ ਦੀ ਸਿੱਖਿਆ ਹਾਸਲ ਕਰ ਰਿਹਾ ਹੈ। ਕੀ ਉਸ ਨੂੰ ਉੱਥੇ ਨੈਤਿਕਤਾ ਦੀ ਸਿੱਖਿਆ ਮਿਲ ਰਹੀ ਹੈ, ਜਵਾਬ ਹੋਵੇਗਾ ਸ਼ਾਇਦ ਨਹੀਂ। ਜਿਸ ਵਿੱਦਿਆ ਨਾਲ ਸਿਰਫ ਰੋਜ਼ੀ-ਰੋਟੀ ਚਲਾਉਣੀ ਸਿਖਾਈ ਜਾਵੇ ਅਤੇ ਰਟ ਕੇ ਅੰਕ ਲਿਆਂਦੇ ਜਾਣ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਅਤੇ ਸੰਸਕਾਰਾਂ ਦੀ ਸਿੱਖਿਆ ਦਾ ਵਿਚਾਰ ਕਰਨਾ ਦਿਨ ਵੇਲੇ ਸੁਪਨਾ ਦੇਖਣ ਵਰਗਾ ਹੈ।

ਮਾਪਿਆਂ ਨੂੰ ਪਤਾ ਨਹੀਂ ਹੈ ਕਿ ਕੋਚਿੰਗ ਕੇਂਦਰ 'ਚ ਪੜ੍ਹ ਕੇ ਨਿਕਲਿਆ ਬੱਚਾ ਹੀ ਸਫਲ ਹੋਵੇਗਾ। ਉਨ੍ਹਾਂ ਨੂੰ ਇਹ ਪਤਾ ਨਹੀਂ ਹੈ ਕਿ ਇੱਥੋਂ ਨਿਕਲਿਆ ਬੱਚਾ ਮੋਟੀ ਤਨਖਾਹ ਤਾਂ ਹਾਸਲ ਕਰ ਲਵੇਗਾ ਪਰ ਉਹ ਸੰਸਕਾਰ ਕਿੱਥੋਂ ਲਵੇਗਾ ਜੋ ਗੁਰੂਕੁਲ 'ਚ ਮਿਲਦੇ ਸੀ, ਉਸ ਨੂੰ ਆਪਣੇ ਘਰ ਦੇ ਵੱਡੇ ਬਜ਼ੁਰਗਾਂ ਕੋਲੋਂ ਅਤੇ ਘਰ ਆਏ ਮਹਿਮਾਨਾਂ ਅਤੇ ਆਂਢ-ਗੁਆਂਢ ਦੇ ਲੋਕਾਂ ਵੱਲੋਂ ਮਿਲਦੇ ਸੀ।

ਅੱਜ ਦਾ ਵਿਦਿਆਰਥੀ ਉੱਚ ਸਿੱਖਿਆ ਨੂੰ ਹਾਸਲ ਕਰ ਕੇ ਹੰਕਾਰੀ ਬਣਦਾ ਜਾ ਰਿਹਾ ਹੈ ਜਦਕਿ ਸੱਚਾਈ ਇਹ ਹੈ ਕਿ ਤੁਸੀਂ ਕਿੰਨੀ ਹੀ ਉੱਚ ਸਿੱਖਿਆ ਹਾਸਲ ਕਿਉਂ ਨਾ ਕਰ ਲਓ ਜਦੋਂ ਤੱਕ ਤੁਹਾਡੇ ਸੰਸਕਾਰ ਉੱਚ ਨਹੀਂ ਹੋਣਗੇ ਤੁਸੀਂ ਜਿੱਤੀ ਹੋਈ ਬਾਜ਼ੀ ਵੀ ਹਾਰ ਜਾਓਗੇ ਕਿਉਂਕਿ ਵਤੀਰਾ ਮਨੁੱਖ ਦਾ ਇਕ ਅਜਿਹਾ ਗੁਣ ਹੈ ਜਿਸ ਰਾਹੀਂ ਦੁਸ਼ਮਣ ਨੂੰ ਵੀ ਆਪਣਾ ਬਣਾਇਆ ਜਾ ਸਕਦਾ ਹੈ ਅਤੇ ਅੱਜ ਦੇ ਵਿਦਿਆਰਥੀਆਂ 'ਚ ਇਸੇ ਗੁਣ ਦੀ ਕਮੀ ਸਭ ਤੋਂ ਵੱਧ ਦਿਖਾਈ ਦਿੰਦੀ ਹੈ। ਅੱਜ ਦੇ ਵਿਦਿਆਰਥੀਆਂ 'ਚ ਉਹ ਸੰਸਕਾਰ ਨਹੀਂ ਹਨ ਜੋ ਦੇਸ਼ ਅਤੇ ਸਮਾਜ ਦੀ ਭਲਾਈ ਸਿਖਾ ਸਕਣ। ਭ੍ਰਿਸ਼ਟ ਚਰਿੱਤਰ ਦਾ ਕਾਰਨ ਵੀ ਸ਼ਾਇਦ ਇਸੇ ਤਰ੍ਹਾਂ ਦੀ ਸੰਸਕਾਰਹੀਣ ਸਿੱਖਿਆ ਹੈ, ਜੋ ਸਮਾਜ 'ਚ ਵਿਅਕਤੀ ਨੂੰ ਸਿਰਫ ਪੈਸਾ ਇਕੱਠਾ ਕਰਨ ਲਈ ਮਜਬੂਰ ਕਰਦੀ ਹੈ ਕਿਉਂਕਿ ਅੱਜ ਦਾ ਵਿਦਿਆਰਥੀ ਬੜੀ ਮਹਿੰਗੀ ਸਿੱਖਿਆ ਹਾਸਲ ਕਰ ਰਿਹਾ ਹੈ ਜਿਸ ਨਾਲ ਸਿੱਖਿਆ ਦਾ ਬਾਜ਼ਾਰੀਕਰਨ ਵੀ ਵਧਦਾ ਜਾ ਰਿਹਾ ਹੈ ਅਤੇ ਉਸ ਪੈਸੇ ਨੂੰ ਵਾਪਸ ਹਾਸਲ ਕਰਨ ਦੀ ਚਾਹਤ 'ਚ ਉਸ ਦਾ ਚਰਿੱਤਰ ਭ੍ਰਿਸ਼ਟ ਹੁੰਦਾ ਜਾ ਰਿਹਾ ਹੈ।

ਇਸ ਲਈ ਮਨੁੱਖ ਦੇ ਜੀਵਨ 'ਚ ਪੜ੍ਹਾਈ ਹੀ ਸਭ ਕੁਝ ਨਹੀਂ ਹੈ, ਸੰਸਕਾਰਾਂ ਦਾ ਵੀ ਮਹੱਤਵਪੂਰਨ ਸਥਾਨ ਹੈ ਅਤੇ ਸੰਸਕਾਰ ਕਿਤੋਂ ਖਰੀਦੇ ਨਹੀਂ ਜਾਂਦੇ। ਸੰਸਕਾਰ ਕਿਸੇ ਵੱਡੇ ਸਿੱਖਿਆ ਕੇਂਦਰ ਜਾਂ ਬਾਜ਼ਾਰ 'ਚ ਕਿਸੇ ਦੁਕਾਨ 'ਤੇ ਵੀ ਨਹੀਂ ਮਿਲਦੇ ਹਨ ਸਗੋਂ ਚੰਗੇ ਸੰਸਕਾਰ ਤਾਂ ਬੱਚਿਆਂ ਨੂੰ ਪਰਿਵਾਰ, ਚੰਗੇ ਸਕੂਲ ਤੇ ਚੰਗੇ ਵਾਤਾਵਰਣ 'ਚ ਰਹਿ ਕੇ ਹੀ ਮਿਲਦੇ ਹਨ।

drmlsharma5@gmail.com